# ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ, ਲੇਬਰ ਵੈਲਫੇਅਰ ਬੋਰਡ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਮਿਤੀ 14.10.2015 ਨੂੰ ਬਾਅਦ ਦੁਪਹਿਰ 1.00 ਵਜ਼ੇ ਸਰਕਟ ਹਾਉਸ, ਸੈਕਟਰ-39,ਚੰਡੀਗੜ੍ਹ ਵਿਖੇ ਹੋਈ 49ਵੀਂ ਮੀਟਿੰਗ ਦੀ ਕਾਰਵਾਈ ਰਿਪੋਟ।

ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 49ਵੀਂ ਮੀਟਿੰਗ ਮਾਨਯੋਗ ਸ੍ਰੀ ਚੂੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ, ਪੰਜਾਬ ਲੇਬਰ ਵੈਲਫੇਅਰ ਬੋਰਡ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ।

1. ਸ੍ਰੀ ਵਿਸ਼ਵਾਜੀਤ ਖੰਨਾ, ਆਈ.ਏ.ਐਸ.

   ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

   ਕਿਰਤ ਵਿਭਾਗ, ਪੰਜਾਬ।

2. ਸ੍ਰੀ ਹਰੀਸ ਨਈਅਰ ਅਡੀਸ਼ਨਲ

   ਕਿਰਤ ਕਮਿਸ਼ਨਰ-ਕਮ-ਐਡੀਸ਼ਨਲ ਵੈਲਫੇਅਰ ਕਮਿਸ਼ਨਰ,

   ਪੰਜਾਬ ਲੇਬਰ ਵੈਲਫੇਅਰ ਬੋਰਡ।

3. ਸ੍ਰੀ ਸੋਢੀਮਲ, ਐਡੀਸ਼ਨਲ ਡਾਇਰੈਕਟਰ

   ਆਫ ਫੈਕਟਰੀਜ, ਕਿਰਤ ਵਿਭਾਗ,ਪੰਜਾਬ।

4. ਸ੍ਰੀਮਤੀ ਪੂਨਮ ਸੁਪਰਡੰਟ, ਫਾਇਨਾਸ ਐਕਸਪੈਡੀਚਰ-5

   ਵਿੱਤ ਵਿਭਾਗ ਪੰਜਾਬ, ਚੰਡੀਗੜ੍ਹ।

5. ਸ੍ਰੀਮਤੀ ਹਰਸਪਾਲ ਕੌਰ,ਅਸਿਸਟੈਂਟ ਡਾਇਰੈਕਟਰ

   ਉਦਯੋਗ ਅਤੇ ਕਮਰਸ ਵਿਭਾਗ ਪੰਜਾਬ, ਚੰਡੀਗੜ੍ਹ।

6. ਸ੍ਰੀ ਮਹਿੰਗਾ ਸਿੰਘ ਕੰਗ,

   ਪ੍ਰੋਗਰਾਮ ਮੈਨੇਜਰ, ਆਈ.ਸੀ.ਪੀ.ਐਸ.

   ਡਿਪਟੀ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ

   ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ।

7. ਸ੍ਰੀ ਬਖਤਾਵਰ ਸਿੰਘ,ਪੁੱਤਰ ਸ੍ਰੀ ਹੁਕਮ ਸਿੰਘ

   ਪ੍ਰਧਾਨ ਪਲੇਦਾਰ ਯੂਨੀਅਨ, ਫਾਜਿਲਕਾ।

ਹੇਠ ਲਿਖੇ ਮੈਂਬਰ ਸਹਿਬਾਨ ਵਲੋ ਟੈਲੀਫੋਨ ਤੇ ਸੂਚਿਤ ਕੀਤਾ ਗਿਆ ਸੀ ਕਿ ਉਹ ਘਰੇਲੂ ਕੰਮ ਕਰਕੇ ਮੀਟਿੰਗ ਵਿੱਚ ਹਾਜਰ ਨਹੀਂ ਹੋ ਸਕਦੇ।

1. ਸ੍ਰੀ ਸੰਦੀਪ ਕੁਮਾਰ ਕਾਲਰਾ, ਪੁੱਤਰ ਸ੍ਰੀ ਵਿਸ਼ੇਸ਼ਰ ਨਾਥ

   ਨਜੀਦਕ ਜੱਸੀ ਹਸਪਤਾਲ, ਬੀਕਾਨੇਰੀ ਰੋਡ, ਫਾਜਿਲਕਾ।

   ਉਨਾਂ ਵਲੋਂ ਕਿਹਾ ਗਿਆ ਹੈ ਕਿ ਉਹਨਾਂ ਦੇ ਬੇਟੇ ਦੇ ਸੱਟ ਲੱਗੀ ਹੈ ਜਿਸ ਕਰਕੇ ਉਹ ਮੀਟਿੰਗ ਵਿੱਚ ਹਾਜਰ ਨਹੀਂ ਹੋ ਸਕਦੇ।

2. ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਸੰਦੀਖ ਸਿੰਘ

   ਕੋਟ ਖਾਲਸਾ ਨਿਊ ਅਬਾਦੀ ਨੇੜੇ ਵਿਸ਼ਕਰਮਾ ਮੰਦਰ,

   ਅੰਮ੍ਰਿਤਸਰ।

   ਉਨਾ ਵਲੋ ਕਿਹਾ ਗਿਆ ਹੈ ਕਿ ਉਹਨਾਂ ਦੇ ਚਾਚਾ ਜੀ ਦੀ ਮੌਤ ਹੋ ਗਈ ਹੈ,ਜਿਸ ਕਰਕੇ ਉਹ ਮੀਟਿੰਗ ਵਿੱਚ ਹਾਜਰ ਨਹੀਂ ਹੋ ਸਕਦੇ।

3. ਸ੍ਰੀ ਹਰੀਸ਼ ਕਾਲੀਆ, ਪੁੱਤਰ ਸ੍ਰੀ ਸਤਪਾਲ ਕਾਲੀਆ,

ਮੈਸ: ਕੇ.ਕੇ. ਇੰਡਸਟ੍ਰੀਜ, ਜਲੰਧਰ।

ਉਹਨਾਂ ਨੂੰ ਦੋ-ਤਿੰਨ ਦਿਨ ਲਗਾਤਾਰ ਫੋਨ ਕੀਤਾ ਜਾਂਦਾ ਰਿਹਾ ਹੈ ਤੇ ਉਹਨਾਂ ਵਲੋ ਕਿਹਾ ਗਿਆ ਕਿ ਉਹ ਮੀਟਿੰਗ ਵਿੱਚ ਆਉਣਗੇ, ਲੇਕਿਨ ਅੱਜ ਮਿਤੀ 14.10.15 ਨੂੰ ਸਵੇਰੇ ਟੈਲੀਫੋਨ ਕੀਤਾ ਗਿਆ ਸੀ, ਲੇਕਿਨ ਉਹ ਫੋਨ ਚੁੱਕ ਨਹੀਂ ਰਹੇ।

ਐਡੀਸ਼ਨਲ ਵੈਲਫੇਅਰ ਕਮਿਸ਼ਨਰ, ਪੰਜਾਬ ਵਲੋਂ ਚੇਅਰਮੈਨ ਜੀ ਦੀ ਇਜਾਜਤ ਨਾਲ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ। ਉਹਨਾਂ ਵਲੋ ਹਰ ਇਕ ਮੱਦ ਬਾਰੇ ਮੈਂਬਰ ਸਹਿਬਾਨ ਨੂੰ ਜਾਣੂ ਕਰਵਾਇਆ ਗਿਆ।ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

<u>ਮੱਦ ਨੰ:-1</u> ਬੋਰਡ ਵਲੋਂ 48ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ।

ਐਡੀਸ਼ਨਲ ਵੈਲਫੇਅਰ ਕਮਿਸ਼ਨਰ ਵਲੋਂ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ ਕਿ ਪਿਛਲੀ ਮੀਟਿੰਗ ਦੀ ਕਾਰਵਾਈ ਸਬੰਧੀ ਕਿਸੇ ਵੀ ਮੈਂਬਰ ਪਾਸੋਂ ਕੋਈ ਇਤਾਰਜ ਪ੍ਰਾਪਤ ਨਹੀਂ ਹੋਇਆ। ਬੋਰਡ ਵਲੋਂ ਮਿਤੀ 24.6.2015 ਦੀ 48ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਮੱਦ ਨੰ:-2</u>

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਮਿਤੀ 24.6.2015 ਨੂੰ ਹੋਈ ਮੀਟਿੰਗ ਵਿੱਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।

ਐਡੀਸ਼ਨ ਵੈਲਫੇਅਰ ਕਮਿਸ਼ਨਰ ਵਲੋਂ ਮੱਦ ਵਾਈਜ ਲਏ ਫੈਸਲਿਆ ਤੇ ਕੀਤੀ ਕਾਰਵਾਈ ਬਾਰੇ ਵਿਸ਼ਥਾਰਪੂਰਵਕ ਮੈਂਬਰਾਂ ਨੂੰ ਹੇਠ ਲਿਖੇ ਅਨੁਸਾਰ ਜਾਣੂੰ ਕਰਵਾਇਆ ਗਿਆ:-

<u>47ਵੀਂ ਮੀਟਿੰਗ</u>

<u>ਦੀ ਮੱਦ ਨੰ:7( 2</u> )

ਐਡੀਸ਼ਨਲ ਵੈਲਫੇਅਰ ਕਮਿਸ਼ਨਰ ਵਲੋਂ ਦੱਸਿਆ ਗਿਆ ਕਿ ਬੋਰਡ ਦੇ ਸਾਲ 2015-16 ਦੇ ਅਨੁਮਾਨਤ ਬਜਟ ਵਿੱਚ ਆਮਦਨ ਦਾ 18.61 ਕਰੋੜ ਦਾ ਟੀਚਾ ਰੱਖਿਆ ਗਿਆ ਸੀ। ਮਿਤੀ 30.9.15 ਤੱਕ ਅੰਸ਼ਦਾਨ ਦੀ ਪ੍ਰਾਪਤੀ 6 ਕਰੋੜ ਹੀ ਹੋਈ ਹੈ, ਕਿਉਕਿ ਇਸ ਵਿੱਚ ਪੁਰਾਣੇ ਰੇਟ ਦੀਆਂ ਰਕਮਾਂ ਵੀ ਸਾਮਿਲ ਹਨ। ਜਿਸ ਦੇ ਸਨਮੁੱਖ 2015-16 ਦੇ ਸੋਧੇ ਬਜਟ ਵਿੱਚ ਅੰਸ਼ਦਾਨ ਦੀ 15 ਕਰੋੜ ਦੀ ਪ੍ਰਾਪਤੀ ਰੱਖੀ ਗਈ ਹੈ।

<u>49ਵੀਂ ਮੀਟਿੰਗ</u>

<u>ਮੱਦ ਨੰ:-3</u> ਵਿਤੀ ਸਾਲ 2015-16 ਦੋਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿਤੀ ਬਾਰੇ ।

ਐਡੀਸ਼ਨਲ ਵੈਲਫੇਅਰ ਕਮਿਸ਼ਨਰ ਵਲੋਂ ਬੋਰਡ ਦੀ ਵਿੱਤੀ ਸਾਲ 2015-16 (ਮਿਤੀ 1.4.15 ਤੋਂ 30.9.15) ਤੱਕ ਆਮਦਨ ਅਤੇ ਖਰਚੇ ਦੀ ਸਥਿਤੀ ਬਾਰੇ ਵਿਸ਼ਥਾਰਪੂਰਵਕ ਜਾਣੂ ਕਰਵਾਇਆ ਗਿਆ, ਜਿਸ ਤੇ ਸਾਰੇ ਮੈਂਬਰ ਸਹਿਬਾਨ ਵਲੋਂ ਸੰਤੁਸਟੀ ਪ੍ਰਗਟ ਕੀਤੀ ਗਈ।

<u>ਮੱਦ ਨੰ:-4</u> ਬੋਰਡ ਦੇ ਸਾਲ 2014-15 ਦੇ ਅਸਲ ਬਜਟ 2015-16 ਦਾ 'ਸੋਧਿਆ ਬਜੱਟ ਅਤੇ 2015-16ਦਾ ਅਸਲ ਪ੍ਰਾਪਤੀ ਬੱਜਟ (1.04.15 ਤੋਂ 30.09.15) ਪ੍ਰਵਾਨ ਕਰਨ ਬਾਰੇ।

ਬੋਰਡ ਵਲੋਂ ਸਾਲ 2014-15 ਦੇ ਅਸਲ ਬਜਟ ਅਤੇ ਸਾਲ 2015-16 ਦੇ ਸੋਧੇ ਬਜਟ ਦੀ ਪ੍ਰਵਾਨਗੀ ਦਿੰਦੇ ਹੋਏ ਕਿਰਤ ਭਲਾਈ ਸਕੀਮਾਂ ਦਾ ਸੋਧਿਆ ਖਰਚਾ ਬਜਟ 2015-16 ਵਿੱਚ ਕੰਪਿਊਟਰ ਕਰਜੇ ਵਿੱਚ ਰੱਖੀ 90 ਲੱਖ ਦੀ ਰਾਸ਼ੀ ਨੂੰ ਘਟਾ ਕੇ 70 ਲੱਖ ਦੀ ਰਾਸ਼ੀ ਦਾ ਉਪਬੰਧ ਕਰਨ ਅਤੇ ਲੜਕੀਆਂ ਦੀ ਸ਼ਾਦੀ ਲਈ ਕਰਜੇ ਲਈ 2 ਲੱਖ ਦੀ ਰਾਸ਼ੀ ਦੇ ਉਪਬੰਧ ਨੂੰ ਵਧਾ ਕੇ 20 ਲੱਖ ਰੁਪਏ ਕਰਨ ਲਈ ਕਿਹਾ ਗਿਆ ਜਿਸ ਤੇ ਬੋਰਡ ਵਲੋ ਸਹਿਮਤੀ ਪ੍ਰਗਟ ਕੀਤੀ ਗਈ।

<u>ਮੱਧ ਨੰ:-5</u> ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਸਾਲ 2014-15 ਦੇ ਲੇਖੇ (ਬੈਲੇਂਸਸੀਟ) ਪ੍ਰਵਾਨ ਕਰਨ ਬਾਰੇ।

ਬੋਰਡ ਵਲੋਂ 2014-15 ਦੇ ਸਾਲਾਨਾ ਲੇਖੇ/ਬੇਲੈਂਸਸੀਟ ਪ੍ਰਵਾਨ ਕੀਤੇ ਗਏ।

<u>ਮੱਦ ਨੰ:-6</u> ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਐਕਸਗ੍ਰੇਸੀਆਂ ਸਕੀਮ ਅਧੀਨ ਲਗਾਈ ਈ.ਐਸ.ਆਈ.ਦੀ ਸ਼ਰਤ ਦੀ ਕਾਰਜਬਾਅਦ ਪ੍ਰਵਾਨਗੀ ਬਾਰੇ।

ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਐਕਸਗ੍ਰੇਸੀਆਂ ਸਕੀਮ ਅਧੀਨ ਬੋਰਡ ਵਲੋਂ ਮਿਤੀ 21.1.2015 ਨੂੰ ਲਗਾਈ ਗਈ ਈ.ਐਸ.ਆਈ. ਦੀ ਸ਼ਰਤ ਜੋ ਕਿ ਮਾਨਯੋਗ ਕਿਰਤ ਮੰਤਰੀ ਜੀ ਵਲੋਂ ਮਿਸਲ ਤੇ ਖਤਮ ਕਰਨ ਦੀ ਪ੍ਰਵਾਨਗੀ ਦਿਤੀ ਗਈ ਸੀ ਨੂੰ ਬੋਰਡ ਵਲੋਂ ਸਰਵਸੰਮਤੀ ਨਾਲ ਪ੍ਰਵਾਨ ਕਰਦੇ ਹੋਏ ਇਹ ਪ੍ਰਵਾਨ ਕੀਤਾ ਕਿ ਜੋ ਕਿਰਤੀ ਈ.ਐਸ.ਆਈ ਹੇਠ ਕਵਰ ਹੁੰਦੇ ਹਨ ਉਹ ਵੀ ਇਸ ਸਕੀਮ ਦਾ ਲਾਭ ਲੈ ਸਕਣਗੇ ਅਤੇ ਇਹ ਵਾਧਾ ਪਿਛਲੀ ਮਿਤੀ 21.1.2015 ਨੂੰ ਹੋਈ ਬੋਰਡ ਦੀ

ਮੀਟਿੰਗ ਵਿੱਚ ਪ੍ਰਵਾਨ ਹੋਏ ਵਾਧੇ ਅਨੁਸਾਰ ਉਨ੍ਹਾਂ ਸਾਰੇ ਕੇਸਾਂ ਤੇ ਵੀ ਲਾਗੂ ਕੀਤਾ ਜਾਵੇ ਜੋ ਕਿ ਉਸ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਲਗਾਈ ਗਈ ਸ਼ਰਤਾਂ ਹੇਠ ਕਵਰ ਹੁੰਦੇ ਹਨ। ਇਸ ਤਰ੍ਹਾਂ ਬੋਰਡ ਵਲੋਂ ਸਰਵਸੰਮਤੀ ਨਾਲ ਈ.ਐਸ.ਆਈ ਦੀ ਸ਼ਰਤ ਪਿਛਲੀ ਮਿਤੀ ਤੋਂ ਹਟਾਉਣ ਦੀ ਕਾਰਜਬਾਅਦ ਪ੍ਰਵਾਨਗੀ ਦਿਤੀ ਗਈ।

ਮੱਦ ਨੰ:-7 ਉਦਯੋਗਿਕ ਕਿਰਤੀਆਂ ਨੂੰ ਬਾਈਸਾਈਕਲ,ਸਿਲਾਈ ਮਸ਼ੀਨ,ਪੱਖੇ,ਟੈਲੀਵਿਜਨ,

ਕੰਪਿਊਟਰ,ਸਕੂਟਰ/ਮੋਟਰਸਾਈਕਲ ਅਤੇ ਸ਼ਾਦੀ ਕਰਜੇ ਤੇ ਵਿਆਜ ਨਾ ਵਸੂਲਣ ਬਾਰੇ।

ਬੋਰਡ ਵਲੋ ਇਸ ਮੱਦ ਨੂੰ ਸਰਵਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਕਿ ਕਿਸੇ ਵੀ ਕਰਜੇ ਦੇ ਕੋਈ ਵਿਆਜ ਦੀ ਵਸੂਲੀ ਨਾ ਕੀਤੀ ਜਾਵੇ।

ਮੱਦ ਨੰ:-8 ਖਤਰਨਾਕ ਬਿਮਾਰੀਆਂ ਦੇ ਇਲਾਜ ਦੀ ਪ੍ਰਤੀ ਪੂਰਤੀ ਬਾਰੇ।

ਹੇਠ ਲਿਖੀਆਂ ਖਰਤਨਾਕ ਬਿਮਾਰੀਆਂ ਦੇ ਇਲਾਜ ਲਈ ਉਦਿਯੋਗਿਕ ਕਿਰਤੀਆਂ ਨੂੰ 1 ਲੱਖ ਰੁਪਏ ਤੱਕ ਦੇ ਖਰਚੇ ਦੀ ਪ੍ਰਤੀਪੂਰਤੀ ਅਤੇ ਜਰਨਲ ਸਰਜਰੀ ਸਕੀਮ ਤਹਿਤ 20000 ਰੁਪਏ ਤੱਕ ਦੇ ਖਰਚੇ ਦੀ ਪ੍ਰਤੀਪੂਰਤੀ ਦੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਪ੍ਰਵਾਨਗੀ ਦਿੰਦੇ ਹੋਏ ਸਕੀਮ ਪ੍ਰਵਾਨ ਕੀਤੀ ਗਈ:-

ੳ) ਖਤਰਨਾਕ ਬਿਮਾਰੀਆਂ

ਲਾਭਪਾਤਰੀ ਉਦਯੋਗਿਕ ਕਿਰਤੀ ਜਾਂ ਉਸ ਦੇ ਪਰਿਵਾਰ ਦੇ ਮੈਂਬਰਾਂ ਲਈ ਹੇਠ ਦਰਸਾਈਆਂ ਖਤਰਨਾਕ ਬੀਮਾਰੀਆਂ ਦੇ ਇਲਾਜ ਅਤੇ ਟੈਸਟਾਂ ਲਈ ਵੱਧ ਤੋਂ ਵੱਧ 1.00 ਲੱਖ ਰੁਪਏ ਜਾਂ ਅਸਲ ਖਰਚਾ, ਦੋਨਾਂ ਵਿਚੋਂ ਜ਼ੋ ਵੀ ਘੱਟ ਹੋਵੇ, ਵਿਤੀ ਸਹਾਇਤਾ ਵਜੋਂ ਦਿਤਾ ਜਾਵੇਗਾ।

1. Occupational dermatitis
2. Occupational cancer.
3. Asbestosis.
4. Silicosis.
5. Lead poisoning including poisoning by occupational diseases in any factory or establishment as notified under the Factories Act or rules framed there under by any preparation or compound of lead or their sequela.

6.enzene poisoning, including poisoning by any of its homologues,their nitro or amion,derivatives or its sequela.

7. Occupational asthama.
8. pesticide poisoning.
9. Toxic jaundice.
10. Toxic ananemia.
11. Compressed air illness(Caissons diseases).
12. Noise induced hearing loss.
13. Toxic nephritis.
14. Cancer-operation/treatment.
15. Heart surgery/stents placement
16. Kidney transplant/ Dialysis

(ਅ) ਜਨਰਲ ਸਰਜਰੀ

ਲਾਭਪਾਤਰੀ ਉਦਯੋਗਿਕ ਕਿਰਤੀ ਜਾਂ ਉਸ ਦੇ ਪ੍ਰੀਵਾਰ ਦੇ ਮੈਂਬਰ ਲਈ ਜਨਰਲ ਸਰਜਰੀ ਦੇ ਖਰਚੇ ਲਈ ਉਸਨੂੰ ਵੱਧ ਤੋਂ ਵੱਧ 20000/- ਜਾਂ ਅਸਲ ਖਰਚਾ, ਦੋਨਾਂ ਵਿਚੋਂ ਜੋ ਵੀ ਘੱਟ ਹੋਵੇ, ਵਿਤੀ ਸਹਾਇਤਾ ਵਜੋਂ ਦਿਤੀ ਜਾਵੇਗੀ।

<u>ਸਰਤਾਂ</u>

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ/ ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।

2. ਲਾਭਪਾਤਰੀ ਜਾਂ ਉਸਦਾ ਪਰਵਾਰਿਕ ਮੈਂਬਰ ਕਿਸੇ ਵੀ ਸਰਕਾਰੀ ਜਾ ਪ੍ਰਾਈਵੇਟ ਡਾਕਟਰ ਪਾਸੋ ਇਲਾਜ ਕਰਾ ਸਕਦਾ ਹੈ ਲੇਕਿਨ ਪ੍ਰਾਈਵੇਟ ਡਾਕਟਰ ਪਾਸੋ ਕਰਾਏ ਗਏ ਇਲਾਜ ਦੇ ਖਰਚੇ ਸਬੰਧੀ ਸਬੰਧਤ ਸਿਵਲ ਸਰਜਨ ਵਲੋ ਜਿਤਨੀ ਰਕਮ ਸਹੀ ਕਰਾਰ ਦਿਤੀ ਜਾਵੇਗੀ (ਖਤਰਨਾਕ ਬਿਮਾਰੀ ਦੇ ਕੇਸ ਵਿਚ 100000/-ਰੁਪਏ ਅਤੇ ਜਨਰਲ ਸਰਜਰੀ ਦੇ ਕੇਸ ਵਿਚ 20000/- ਰੁਪਏ ਵੱਧ ਤੋ ਵੱਧ) ਉਨੀ ਹੀ ਮਿਲਨ ਯੋਗ ਹੋਵੇਗੀ ।

3. ਜੇਕਰ ਵਿੱਤੀ ਸਹਾਇਤਾ ਆਸ਼ਰਿਤ ਦੇ ਇਲਾਜ ਲਈ, ਲੈਣੀ ਹੋਵੇ ਤਾ ਅਜਿਹਾ ਆਸ਼ਰਿਤ ਲਾਭਪਾਤਰੀ ਕਿਰਤੀ ਦੇ ਪਰਿਵਾਰ ਦਾ ਮੈਂਬਰ ਹੋਣਾ ਚਾਹੀਦਾ ਹੈ ਅਤੇ ਉਸ ਦੇ ਆਸ਼ਰਿਤ ਹੋਣ ਸਬੰਧੀ ਸਵੈ ਘੋਸਣਾ ਦੇਣੀ ਹੋਵੇਗੀ।

4. ਇਸ ਸਕੀਮ ਅਧੀਨ ਲਾਭਪਾਤਰੀ ਆਪਣੇ ਜਾਂ ਆਪਣੇ ਪਰਿਵਾਰ ਦੇ ਇਕ ਜਾਂ ਇਕ ਤੋਂ ਵੱਧ ਮੈਂਬਰਾਂ ਦੇ ਕਿਸੇ ਪ੍ਰਕਾਰ ਦੀ ਖਤਰਨਾਕ ਬਿਮਾਰੀ ਦੇ ਇਲਾਜ ਜਾਂ ਜਰਨਲ ਸਰਜਰੀ ਦੇ ਖਰਚੇ ਲਈ ਵਿਤੀ ਸਹਾਇਤਾ ਲੈਣ ਦਾ ਹਕਦਾਰ ਹੋਵੇਗਾ। ਅਜਿਹੀ ਵਿਤੀ ਸਹਾਇਤਾ ਲਾਭਪਾਤਰੀ ਜਾਂ ਉਸ ਦੇ ਪਰਿਵਾਰਿਕ ਮੈਂਬਰਾਂ ਨੂੰ ਪੂਰੇ ਸਾਲ ਦੋਰਾਨ ਵੱਧ ਤੋਂ ਵੱਧ 1 ਲੱਖ ਰੁਪਏ (ਖਤਰਨਾਕ ਬਿਮਾਰੀਆਂ) ਅਤੇ 20000 ਰੁਪਏ (ਜਨਰਲ ਸਰਜਰੀ) ਲਈ ਮਿਲਣ ਯੋਗ ਹੋਵੇਗੀ।

5. ਇਸ ਸਕੀਮ ਅਧੀਨ ਲਾਭ ਲੈਣ ਲਈ ਫੈਮਲੀ ਦੀ ਪਰਿਭਾਸ਼ਾ ਹੇਠ ਪ੍ਰਕਾਰ ਹੈ ਜਿਸ ਵਿੱਚ ਹੇਠ ਦਰਸਾਏ ਪਰਿਵਾਰ ਦੇ ਮੈਂਬਰ ਇਸ ਸਕੀਮ ਦਾ ਲਾਭ ਲੈਣ ਦੇ ਹੱਕਦਾਰ ਹੋਣਗੇ :

   "Family means the husband or wife, minor sons (including major sons who are insane or physically handicapped and unable to earn), unmarried daughters and the parents of the industrial worker, who are solely dependent on him"

6. ਜਿਹੜਾ ਕਿਰਤੀ ਈ.ਐਸ.ਆਈ. ਦੀ ਸਕੀਮ ਵਿੱਚ ਕਵਰ ਹੁੰਦਾ ਹੈ ਉਸਨੂੰ ਇਹ ਲਾਭ ਨਹੀਂ ਦਿੱਤਾ ਜਾ ਸਕਦਾ।

7. ਜਿਹੜਾ ਕਿਰਤੀ ਕਿਸੇ ਹੋਰ ਇੰਸ਼ੋਰੈਂਸ ਅਤੇ ਮੈਡੀਕਲ ਸਕੀਮ ਅਧੀਨ ਲਾਭ ਲੈ ਰਿਹਾ ਹੋਵੇ ਉਸਨੂੰ ਵੀ ਇਹ ਲਾਭ ਨਹੀਂ ਦਿੱਤਾ ਜਾਵੇਗਾ। ਇਸ ਸਬੰਧੀ ਕਿਰਤੀ ਵਲੋਂ ਸਵੈ-ਘੋਸ਼ਣਾ ਲਈ ਜਾਵੇਗੀ।

---

<u>ਮੱਦ ਨੰ:-9</u> **ਉਦਯੋਗਿਕ ਕਿਰਤੀਆਂ ਨੂੰ ਘਰੇਲੂ ਵਰਤੋਂ ਲਈ ਫਰਿਜ ਖ੍ਰੀਦਣ ਲਈ ਬਿਨਾਂ ਵਿਆਜ ਕਰਜਾ ਦੇਣ ਸਬੰਧੀ।**

**ਬੋਰਡ ਵਲੋਂ ਉਦਯੋਗਿਕ ਕਿਰਤੀਆਂ ਨੂੰ ਫਰਿਜ ਖਰੀਦਣ ਲਈ 12000/-ਰੁਪਏ ਜਾ ਫਰਿਜ ਦੀ ਅਸਲ ਕੀਮਤ ਜੋ ਵੀ ਘੱਟ ਹੋਵੇ ਦੀ ਰਕਮ ਬਿਨਾ ਵਿਆਜ ਵਜੋ ਕਰਜਾ ਦੇਣ ਲਈ ਸਕੀਮ ਹੇਠ ਦਰਸਾਈ ਸ਼ਰਤਾ ਅਨੁਸਾਰ ਪ੍ਰਵਾਨ ਕੀਤੀ ਗਈ।**

<u>ਸ਼ਰਤਾ:-</u>

1. **ਕਿਰਤੀ ਰਜਿਸਟਰਡ ਅਦਾਰੇ/ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਬੋਰਡ ਦੀ ਅੰਸ਼ਦਾਨ ਸਕੀਮ ਅਧੀਨ ਆਪਣੇ ਹਿੱਸੇ ਦਾ ਅੰਸ਼ਦਾਨ ਦੇ ਰਿਹਾ ਹੋਵੇ( ਸਬੂਤ ਨੱਥੀ ਕੀਤਾ ਜਾਵੇ)।**
2. **ਕਿਰਤੀ ਦੀ ਘੱਟ ਤੋਂ ਘੱਟ 2 ਸਾਲ ਦੀ ਸਰਵਿਸ ਹੋਣੀ ਚਾਹੀਦੀ ਹੈ ਅਤੇ ਇਸ ਲਈ ਤਨਖਾਹ ਦੀ ਕੋਈ ਸੀਮਾਂ ਨਹੀਂ ਹੋਵੇਗੀ।**
3. **ਕਰਜੇ ਦੀ ਵਸੂਲੀ 20 ਬਰਾਬਰ ਕਿਸ਼ਤਾ ਵਿੱਚ ਕੀਤੀ ਜਾਵੇਗੀ।**
4. **ਜੇਕਰ ਕਿਰਤੀ ਕਰਜੇ ਦੀ ਰਕਮ ਵਾਪਿਸ ਕਰਨ ਵਿਚ ਕਸੂਰਵਾਰ ਪਾਇਆ ਗਿਆ ਤਾਂ ਉਸ ਸੂਰਤ ਵਿੱਚ ਉਸ ਨੂੰ ਦੂਜਾ ਕਰਜਾ ਨਹੀਂ ਦਿੱਤਾ ਜਾਵੇਗਾ।**

5. ਕਰਜੇ ਦੀ ਰਕਮ ਪ੍ਰਬੰਧਕਾਂ ਵਲੋਂ ਦਿੱਤੀ ਗਈ ਗਰੰਟੀ ਤੇ ਹੀ ਮੰਜੂਰ ਕੀਤੀ ਜਾਵੇਗੀ।

6. ਕਰਜੇ ਦੀ ਕਿਸ਼ਤ ਪ੍ਰਬੰਧਕਾਂ ਵਲੋਂ ਕਿਰਤੀ ਦੀ ਤਨਖਾਹ ਵਿੱਚੋਂ ਕੱਟਕੇ ਬੋਰਡ ਦੇ ਦਫਤਰ ਨੂੰ ਭੇਜੀ ਜਾਵੇਗੀ।

**ਮੱਦ ਨੰ:-10** **ਬੋਰਡ ਦੇ ਕਰਮਚਾਰੀਆਂ ਨੂੰ ਪੰਜਵੇਂ ਪੇ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਤਨਖਾਹ ਅਤੇ ਭੱਤੇ ਦੇਣ ਬਾਰੇ।**

ਬੋਰਡ ਦੇ ਕਰਮਚਾਰੀਆਂ ਨੂੰ ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸਾਂ ਅਨੁਸਾਰ ਤਨਖਾਹ ਅਤੇ ਭੱਤੇ ਦੇਣ ਸਬੰਧੀ ਅਜੰਡਾ ਆਈਟਮ ਤੇ ਵਿਸਥਾਰਪੂਰਵਕ ਚਰਚਾ ਹੋਈ। ਬੋਰਡ ਦੇ ਮੌਜੂਦਾ ਕਰਮਚਾਰੀਆਂ ਨੂੰ ਚੌਥੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਤਨਖਾਹ ਅਤੇ ਭੱਤੇ ਦਿੱਤੇ ਜਾ ਰਹੇ ਹਨ । ਵੱਖ-ਵੱਖ ਸਮੇਂ ਤੇ ਰਿਟਾਇਰ ਹੋਏ ਕਰਮਚਾਰੀਆ ਨੂੰ ਵੀ ਚੌਥੇ ਤਨਖਾਹ ਕਮਿਸ਼ਨ ਦੀਆ ਸਿਫਾਰਸ਼ਾਂ ਉਪਰੰਤ ਲਾਗੂ ਹੋਈ ਤਨਖਾਹ ਅਨੁਸਾਰ ਹੀ ਰਿਟਾਇਰਮੈਂਟ ਬੈਨੀਫਿਟ ਦਿੱਤੇ ਜਾ ਰਹੇ ਹਨ । ਬੋਰਡ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ ਕਿ ਬੋਰਡ ਦੇ ਕਰਮਚਾਰੀਆਂ ਨੂੰ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਰਾ ਲਾਭ ਨਹੀਂ ਦਿੱਤਾ ਜਾਂਦਾ ਬਲਕਿ ਉਨ੍ਹਾਂ ਨੂੰ ਬੋਰਡ ਦੇ ਬਾਇਲਾਜ਼ ਅਨੁਸਾਰ ਅਤੇ ਭਾਰਤ ਸਰਕਾਰ ਵਲੋਂ ਬਣਾਏ ਗਏ ਕਾਨੂੰਨ ਅਨੁਸਾਰ ਲਾਭ ਦਿੱਤੇ ਜਾਂਦੇ ਹਨ ਜਿਵੇਂ ਕਿ ਬੋਰਡ ਦੇ ਕਰਮਚਾਰੀਆਂ ਨੂੰ ਬਾਇਲਾਜ਼ ਅਨੁਸਾਰ ਲੀਵ ਇਨ ਕੈਸ਼ਮੈਂਟ ਦੀ ਅਦਾਇਗੀ ਨਹੀਂ ਕੀਤੀ ਜਾਂਦੀ । ਇਸ ਤੋਂ ਇਲਾਵਾ ਇੰਪਲਾਈਜ਼ ਪ੍ਰੋਵੀਡੈਂਟ ਫੰਡ ਐਕਟ ਅਧੀਨ ਈ.ਪੀ.ਐਫ. ਵਿਭਾਗ ਵਲੋਂ ਲਾਭ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਤਨਖਾਹ ਕਮਿਸ਼ਨ ਦੀਆਂ ਸਾਰੀਆਂ ਸਿਫਾਰਸ਼ਾਂ ਇਨ੍ਹਾਂ ਕਰਮਚਾਰੀਆਂ ਤੇ ਲਾਗੂ ਨਹੀਂ ਹਨ। ਛੁੱਟੀਆਂ, ਈ.ਪੀ.ਐਫ. ਅਤੇ ਹੋਰ ਮਾਮਲੇ ਸਬੰਧੀ ਸਰਵਿਸ ਬਾਇਲਾਜ਼ ਵਿੱਚ ਹੇਠ ਅਨੁਸਾਰ ਉਪਬੰਧ ਹਨ:

> "ਤਨਖਾਹ, ਛੁੱਟੀ, ਸੀ.ਪੀ.ਐਫ ਅਤੇ ਹੋਰ ਮਾਮਲੇ ਜਿਨ੍ਹਾਂ ਸਬੰਧੀ ਇਹਨਾਂ ਨਿਯਮਾਂ ਵਿੱਚ ਸਪਸ਼ਟ ਤੋਰ ਤੇ ਉਪਬੰਧ ਨਹੀਂ ਕੀਤਾ ਗਿਆ, ਇਸ ਸੇਵਾ ਵਿਚਲੇ ਮੈਂਬਰਾਂ ਤੇ ਉਹ ਨਿਯਮਾਂ ਅਤੇ ਵਿਨਿਯਮ ਲਾਗੂ ਹੋਣਗੇ ਜਿਹੜੇ ਭਾਰਤ ਤੇ ਸਵਿਧਾਨ ਅਧੀਨ ਜਾਂ ਰਾਜ ਵਿਧਾਨ ਮੰਡਲ ਦੁਆਰਾ ਬਣਾਏ ਗਏ ਤੱਤ ਸਮੇਂ ਨਾਫਜ਼ ਕਿਸੇ ਕਾਨੂੰਨ ਜਾਂ ਉਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਬੋਰਡ/ਸਮੱਰਥ ਅਧਿਕਾਰੀ ਦੁਆਰਾ ਬਣਾਏ ਜਾਂ ਇਸ ਉਪਰੰਤ ਅਪਣਾਏ ਜਾਣ ਜਾਂ ਬਣਾਏ ਜਾਣ।"

ਉਪਰੋਕਤ ਬਾਇਲਾਜ਼ ਤੋਂ ਸਪੱਸ਼ਟ ਹੈ ਕਿ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਆਪਣੇ ਆਪ ਬੋਰਡ ਦੇ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦੀਆਂ ਸਗੋਂ ਉਹੀ ਨਿਯਮ ਅਤੇ ਵਿਨਿਯਮ ਲਾਗੂ ਹੋਣਗੇ ਜੋ ਕਿ ਬੋਰਡ ਦੇ ਸਮੱਰਥ ਅਧਿਕਾਰੀਆਂ ਵਲੋਂ ਬਣਾਏ ਜਾਣ ਜਾਂ ਅਪਣਾਏ ਜਾਣ।

ਬੋਰਡ ਵਲੋਂ ਇਹ ਵੀ ਵਿਚਾਰ ਕੀਤਾ ਗਿਆ ਕਿ ਬੋਰਡ ਦਾ ਮੁੱਖ ਮੰਤਵ ਕਿਰਤੀਆਂ ਦੀ ਭਲਾਈ ਲਈ ਵੈਲਫੇਅਰ ਸਕੀਮ ਚਲਾਉਣਾ ਹੈ ਅਤੇ ਬੋਰਡ ਦੀ ਆਮਦਨ ਦਾ ਸਾਧਨ ਕਿਰਤੀਆਂ ਅਤੇ ਪ੍ਰਬੰਧਕਾਂ ਵਲੋਂ ਪ੍ਰਾਪਤ ਅੰਸ਼ਦਾਨ ਹੈ । ਇਸ ਤੋਂ ਇਲਾਵਾ ਪੰਜਾਬ ਮੰਤਰੀ ਮੰਡਲ ਵਲੋਂ ਪ੍ਰਬੰਧਕੀ ਖਰਚ ਦੀ ਸੀਮਾ ਕੁੱਲ ਸਾਲਾਨਾ ਆਮਦਨ ਦਾ 15% ਨਿਰਧਾਰਤ ਕੀਤੀ ਗਈ ਹੈ। ਬੋਰਡ ਦੀ ਮਾਲੀ ਹਾਲਤ ਕਾਫੀ ਖਸਤਾ ਚਲਦੀ ਆ ਰਹੀ ਹੈ ਜਿਸ ਕਾਰਨ ਬੋਰਡ ਕਿਰਤੀਆਂ ਦੀ ਭਲਾਈ ਲਈ ਲਾਹੇਵੰਦ ਸਕੀਮਾਂ ਚਲਾਉਣ ਤੋਂ ਵੀ ਅਸੱਮਰਥ ਰਿਹਾ ਹੈ । ਕਿਰਤੀਆਂ ਦੀ ਭਲਾਈ ਲਈ ਲਾਹੇਵੰਦ ਸਕੀਮਾਂ ਚਲਾਉਣ ਦੇ ਉਦੇਸ਼ ਨਾਲ ਹੀ ਸਰਕਾਰ ਵਲੋਂ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ ਦੀ ਧਾਰਾ 9ਏ ਵਿੱਚ ਸੋਧ ਕਰਕੇ ਅੰਸ਼ਦਾਨ ਦੀ ਰਾਸ਼ੀ ਨੂੰ ਵਧਾਇਆ ਹੈ ਤਾਂ ਜੋ ਭਲਾਈ ਸਕੀਮਾਂ ਚਲਾਉਣ ਲਈ ਰਾਸ਼ੀ ਉਪੱਲਬਧ ਹੋ ਸਕੇ।

ਬੋਰਡ ਵਿੱਚ ਇਸ ਸਮੇਂ 13 ਕਰਮਚਾਰੀ ਕੰਮ ਕਰ ਰਹੇ ਹਨ ਜਿਨ੍ਹਾਂ ਵਿਚੋਂ ਚਾਰ ਕਰਮਚਾਰੀ ਅਗਲੇ ਸਾਲ ਦੇ ਅੰਤ ਤੱਕ ਰਿਟਾਇਰ ਹੋ ਜਾਣਗੇ । ਬੋਰਡ ਨੂੰ ਸਹੀ ਢੰਗ ਨਾਲ ਚਲਾਉਣ ਅਤੇ ਸਕੀਮਾਂ ਦਾ ਲਾਭ ਵੱਧ ਤੋਂ ਵੱਧ ਕਰਮਚਾਰੀਆਂ ਤਕ ਪਹੁੰਚਾਉਣ ਲਈ ਬੋਰਡ ਦੇ ਸਦਰ ਦਫਤਰ ਅਤੇ ਫੀਲਡ ਦਫਤਰ ਲਈ ਨਵੀਆਂ ਅਸਾਮੀਆਂ ਦੀ ਰਚਨਾ ਕਰਨ ਦੀ ਵੀ ਲੋੜ ਹੈ ਜਿਸ ਸਬੰਧੀ ਬੋਰਡ ਵਲੋਂ ਨਵੀਆਂ ਅਸਾਮੀਆਂ ਦੀ ਰਚਨਾ ਲਈ ਇਸ ਮੀਟਿੰਗ ਵਿੱਚ ਪ੍ਰਵਾਨਗੀ ਵੀ ਦਿੱਤੀ ਗਈ ਹੈ । ਇਨ੍ਹਾਂ ਅਸਾਮੀਆਂ ਦੀ ਰਚਨਾ ਹੋਣ ਕਾਰਨ ਪ੍ਰਬੰਧਕੀ ਖਰਚੇ ਵਿੱਚ ਵੀ ਵਾਧਾ ਹੋਵੇਗਾ । ਇਹ ਠੀਕ ਹੈ ਕਿ ਕੰਟਰੀਬਿਊਸ਼ਨ ਦੀ ਰਕਮ ਵਧਾਉਣ ਨਾਲ ਬੋਰਡ ਦੀ ਆਮਦਨ ਵਿੱਚ ਵਾਧਾ ਹੋਵੇਗਾ, ਪ੍ਰੰਤੂ ਇਹ ਵਾਧਾ ਬੋਰਡ ਦੇ ਮੌਜੂਦਾ ਕਰਮਚਾਰੀਆਂ ਨੂੰ ਤਨਖਾਹ ਦਾ ਏਰੀਅਰ ਦੇਣ ਅਤੇ ਰਿਟਾਇਰ ਹੋਏ ਕਰਮਚਾਰੀਆਂ ਨੂੰ ਤਨਖਾਹ ਦਾ ਏਰੀਅਰ ਦੇਣ ਅਤੇ ਹੋਰ ਰਿਟਾਇਰਮੈਂਟ ਬੈਨੀਫਿਟ ਦੇਣ ਵਾਸਤੇ ਖਰਚ ਨਹੀਂ ਕੀਤਾ ਜਾ ਸਕਦਾ । ਜੇਕਰ ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਪੇ-ਸਕੇਲ ਪਿਛਲੇ ਸਮੇਂ ਭਾਵ 1.1. 2006 ਤੋਂ ਸੋਧੇ ਜਾਂਦੇ ਹਨ ਤਾਂ ਬੋਰਡ ਤੇ ਭਾਰੀ ਵਿੱਤੀ ਬੋਝ ਪਵੇਗਾ ਅਤੇ ਬੋਰਡ ਭਲਾਈ ਸਕੀਮਾਂ ਤੇ ਕਾਫੀ ਮਾਤਰਾ ਵਿੱਚ ਰਾਸ਼ੀ ਖਰਚ ਕਰਨ ਦੇ ਯੋਗ ਨਹੀਂ ਰਹੇਗਾ। ਖਾਸ ਕਰਕੇ ਉਦੋਂ ਜਦੋ ਕਿ ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਫੇਜ਼-10 ਮੋਹਾਲੀ ਵਿਖੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਦਾ ਕੰਮ ਆਰੰਭ ਕੀਤਾ ਹੋਇਆ ਹੈ । ਇਸ ਭਲਾਈ ਸਕੀਮ ਨੂੰ ਲਾਗੂ ਕਰਨ

ਲਈ ਬੋਰਡ ਵਲੋਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਤੋਂ 10 ਕਰੋੜ ਰੁਪਏ ਦੀ ਰਾਸ਼ੀ ਵਿਆਜ਼ ਤੇ ਮੰਜੂਰ ਕਰਵਾਈ ਗਈ ਹੈ। ਜੇਕਰ ਬੋਰਡ ਵਲੋਂ ਇਕਠੀ ਕੀਤੀ ਅੰਸ਼ਦਾਨ ਦੀ ਰਾਸ਼ੀ ਭਲਾਈ ਸਕੀਮਾਂ ਤੇ ਖਰਚ ਨਾ ਕਰਕੇ ਤਨਖਾਹਾਂ ਦੇ ਏਰੀਅਰ ਤੇ ਖਰਚ ਕੀਤੀ ਜਾਂਦੀ ਹੈ ਤਾਂ ਬੋਰਡ ਨੂੰ ਵਿਆਜ ਵਜੋਂ ਵਿੱਤੀ ਨੁਕਸਾਨ ਵੀ ਹੋਵੇਗਾ। ਬੋਰਡ ਵਲੋਂ ਇਹ ਵੀ ਵਿਚਾਰਿਆ ਗਿਆ ਕਿ 6 ਮਹੀਨੇ ਦੇ ਸਮੇਂ ਦੋਰਾਨ ਬੋਰਡ ਵਲੋਂ ਅਨੁਮਾਨਤ ਬਜਟ ਤੋਂ ਘੱਟ ਰਾਸ਼ੀ ਹੀ ਪ੍ਰਾਪਤੀ ਹੋਈ ਹੈ ਅਤੇ ਸਾਲ ਦੋਰਾਨ ਅਨੁਮਾਨਤ ਪ੍ਰਾਪਤੀ ਦਾ ਟੀਚਾ ਪੂਰਾ ਨਹੀਂ ਹੋਵੇਗਾ ਬਲਕਿ ਇਸ ਤੋਂ ਘੱਟ ਰਾਸ਼ੀ ਪ੍ਰਾਪਤ ਹੋਵੇਗੀ।

ਉਪਰੋਕਤ ਸਾਰੇ ਹਾਲਤਾਂ ਨੂੰ ਧਿਆਨ ਵਿੰਚ ਰਖੱਦੇ ਹੋਏ ਅਤੇ ਵਧਦੀ ਹੋਈ ਮਹਿੰਗਾਈ ਕਾਰਨ ਮੋਜੂਦਾ ਕੰਮ ਕਰਦੇ ਕਰਮਚਾਰੀਆਂ ਨੂੰ ਲਾਭ ਦੇਣ ਲਈ ਬੋਰਡ ਵਲੋਂ ਮਿਤੀ 1.10.15 ਤੋਂ ਪੰਜਵੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਉਪਰੰਤ ਪੰਜਾਬ ਸਕਰਾਰ ਵਲੋਂ ਅਪਣਾਏ ਗਏ ਤਨਖਾਹ ਸਕੇਲਾਂ ਅਨੁਸਾਰ ਤਨਖਾਹ ਸਕੇਲ ਰੀਵਾਈਜ਼ ਕਰਨ ਉਪਰੰਤ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

ਇਹ ਫੈਸਲਾ ਲਾਗੂ ਕਰਨ ਤੋਂ ਪਹਿਲਾਂ ਪ੍ਰਬੰਧਕੀ ਵਿਭਾਗ ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ।

**ਮੱਦ ਨੰ:-11 ਪੰਜਾਬ ਲੇਬਰ ਵੈਲਫੇਅਰ ਬੋਰਡ ਅਧੀਨ ਆਉਂਦੇ ਉਦਯੋਗਿਕ ਅਦਾਰਿਆ ਦੇ ਕਿਰਤੀਆਂ ਨੂੰ ਜਾਗਰਤ ਕਰਨ ਲਈ ਕੀਤੇ ਜਾਣ ਵਾਲੇ ਸਮਾਰੋਰ ਤੇ ਹੋਣ ਵਾਲੇ ਖਰਚੇ ਬਾਰੇ।**

ਬੋਰਡ ਵਲੋਂ ਵੈਲਫੇਅਰ ਕਮਿਸ਼ਨਰ ਨੂੰ ਪੰਜਾਬ ਰਾਜ ਦੇ ਉਦਯੋਗਿਕ ਕਿਰਤੀਆਂ ਅਤੇ ਉਨਾਂ ਦੇ ਪਰਿਵਾਰਾਂ ਲਈ ਕਿਰਤ ਭਲਾਈ ਸਕੀਮਾਂ ਅਧੀਨ ਲਾਭ ਦੇਣ ਲਈ ਸਮੇ-ਸਮੇਂ ਤੇ ਪੰਜਾਬ ਰਾਜ ਦੇ ਜਿਲਿਆਂ ਵਿੱਚ ਸਮਾਰੋਹ ਅਯੋਜਿਤ ਕਰਵਾਉਣ ਲਈ ਟੈਂਟ/ ਪਬਲੀਸਿਟੀ/ਬੈਨਰ/ਸਟੇਜ ਅਤੇ ਰਿਫਰੇਸਮੈਂਟ ਤੇ ਹੋਣ ਵਾਲੇ ਖਰਚੇ ਲਈ ਹਰ ਇਕ ਵਾਰ ਵੱਧ ਤੋਂ ਵੱਧ 50000/-ਰੁਪਏ ਦੀ ਰਾਸ਼ੀ ਖਰਚ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਬਸ਼ਰਤੇ ਇਹ ਖਰਚਾ ਇਸ ਮਦ ਹੇਠ ਸਾਲਾਨਾ ਬਜਟ ਪ੍ਰਾਵਧਾਨ ਦੀ ਸੀਮਾਂ ਅੰਦਰ ਹੋਵੇ।

**ਮੱਦ ਨੰ:-12 ਪੰਜਾਬ ਲੇਬਰ ਵੈਲਫੇਅਰ ਬੋਰਡ ਵਿੱਚ ਸਟਾਫ ਰੱਖਣ ਬਾਰੇ।**

ਬੋਰਡ ਵਲੋਂ ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਸਦਰ ਦਫਤਰ ਅਤੇ ਵੱਖ-ਵੱਖ ਫੀਲਡ ਦਫਤਰਾਂ ਵਿੱਚ ਸਟਾਫ ਰੱਖਣ ਲਈ ਹੇਠ ਦਰਸਾਏ ਅਨੁਸਾਰ ਆਸਾਮੀਆਂ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ:-

| ਲੜੀ ਨੰ: | ਆਸਾਮੀ ਦਾ ਨਾਂ | ਗਿਣਤੀ | ਵਿਦਿਅਕ ਯੋਗਤਾ | ਮਿਲਣ ਯੋਗ ਤਨਖਾਹ |
|---|---|---|---|---|
| 1 | ਸੁਪਰਡੰਟ | 1 | ਸਰਕਾਰੀ ਜਾਂ ਅਰਧ ਸਰਕਾਰੀ ਅਦਾਰੇ ਤੋਂ ਰਿਟਾਇਅਰ ਹੋਏ ਕਰਮਚਾਰੀ ਜਿਨ੍ਹਾਂ ਦਾ ਬਤੋਰ ਸੁਪਰਡੰਟ/ਸਹਾਇਕ ਦਾ 7 ਸਾਲ ਦਾ ਤਜਰਬਾ ਹੋਏ। | ਡੀ.ਸੀ ਚੰਡੀਗੜ੍ਹ ਵਲੋਂ ਪ੍ਰਵਾਨਤ ਘੱਟ ਤੋਂ ਘੱਟ ਉਜਰਤਾਂ ਅਤੇ ਸਟੇਚੁਟਰੀ ਲਾਭ। |
| 2 | ਸਹਾਇਕ | 1 | ਸਰਕਾਰੀ ਜਾਂ ਅਰਧ ਸਰਕਾਰੀ ਅਦਾਰੇ ਤੋਂ ਰਿਟਾਇਅਰ ਹੋਏ ਕਰਮਚਾਰੀ ਜਿਨ੍ਹਾਂ ਦਾ ਬਤੋਰ ਸਹਾਇਕ ਦਾ 7 ਸਾਲ ਦਾ ਤਜਰਬਾ ਹੋਏ। | ਡੀ.ਸੀ ਚੰਡੀਗੜ੍ਹ ਵਲੋਂ ਪ੍ਰਵਾਨਤ ਘੱਟ ਤੋਂ ਘੱਟ ਉਜਰਤਾਂ ਅਤੇ ਸਟੇਚੁਟਰੀ ਲਾਭ। |
| 3 | ਕੰਪਿਉਟਰ ਅਪਰੇਟਰ (ਸਦਰ ਦਫਤਰ) | 1 | ਗ੍ਰੇਜੁਏਟ ਅਤੇ ਕੰਪਿਊਟਰ ਤੇ ਕੰਮ ਕਰਨ ਦਾ ਤਜਰਬਾ। | ਡੀ.ਸੀ ਚੰਡੀਗੜ੍ਹ ਵਲੋਂ ਪ੍ਰਵਾਨਤ ਘੱਟ ਤੋਂ ਘੱਟ ਉਜਰਤਾਂ ਅਤੇ ਸਟੈਚੁਟਰੀ ਲਾਭ। |
| 4 | ਕੰਪਿਉਟਰ ਅਪਰੇਟਰ (ਫੀਲਡ ) | 14 | ਗ੍ਰੇਜੁਏਟ ਅਤੇ ਕੰਪਿਊਟਰ ਤੇ ਕੰਮ ਕਰਨ ਦਾ ਤਜਰਬਾ। | ਕਿਰਤ ਵਿਭਾਗ ਪੰਜਾਬ ਵਲੋਂ ਨਿਰਧਾਰਿਤ ਸਟਾਫ |

| | | | | |
|---|---|---|---|---|
| | | | | ਕੈਟੇਗਰੀ ਬੀ ਦੀ ਘਟੋਂ-ਘੱਟ ਉਜਰਤ ਅਤੇ ਸਟੈਚੁਟਰੀ ਲਾਭ। |

ਉੱਕਤ ਆਸਾਮੀਆਂ ਵਿੱਤ ਵਿਭਾਗ ਦੀ ਪ੍ਰਵਾਨਗੀ ਲੈਣ ਉਪਰੰਤ ਪੈਸਕੋ ਰਾਹੀ ਭਰਨ ਲਈ ਸਹਿਮਤੀ ਪ੍ਰਗਟ ਕੀਤੀ ਗਈ। ਆਊਟਸੋਰਸਿੰਗ ਰਾਹੀਂ ਭਰਤੀ ਕੀਤੇ ਕਰਮਚਾਰੀਆਂ ਲਈ ਵੱਧ ਤੋਂ ਵੱਧ ਉਮਰ ਦੀ ਸੀਮਾਂ 65 ਸਾਲ ਹੋਵੇਗੀ।

ਮੱਦ ਨੰ: 13 **Request for participation of Department of Labour,Punjab at Swadeshi Mela for 4-8 November,2015.**

ਵਿਚਾਰ ਵਟਾਂਦਰੇ ਉਪਰੰਤ ਇਹ ਆਈਟਮ ਮੋਕੇ ਤੇ ਡਰਾਪ ਕੀਤੀ ਗਈ ਅਤੇ ਆਦੇਸ਼ ਦਿਤੇ ਕਿ ਸਬੰਧਤ ਅਦਾਰੇ ਨਾਲ ਗੱਲ ਬਾਤ ਕਰਕੇ ਜੇਕਰ ਸੰਭਵ ਹੋਵੇ ਤਾਂ 2.00 ਲੱਖ ਰੁਪਏ ਤੱਕ ਦੀ ਤਜਵੀਜ ਵੱਖਰੀ ਮਿਸਲ ਤੇ ਚੇਅਰਮੈਨ ਜੀ ਦੀ ਪ੍ਰਵਾਨਗੀ ਹਿੱਤ ਭੇਜੀ ਜਾਵੇ।

ਮੱਦ ਨੰ:14 ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵੈਲਫੇਅਰ ਬੋਰਡ ਵਿੱਚ ਤੈਨਾਤ ਡਿਪਟੀ

ਸਕੱਤਰ ਅਤੇ ਲੇਖਾ ਅਫਸਰ ਨੂੰ ਪੰਜਾਬ ਲੇਬਰ ਵੈਲਫੇਅਰ ਬੋਰਡ ਵਿੱਚ ਬਤੌਰ ਡਿਪਟੀ ਵੈਲਫੇਅਰ ਕਮਿਸ਼ਨਰ ਅਤੇ ਲੇਖਾ ਅਫਸਰ ਨੂੰ ਦਿੱਤੇ ਵਾਧੂ ਚਾਰਜ ਬਾਰੇ।

ਡਿਪਟੀ ਵੈਲਫੇਅਰ ਕਮਿਸ਼ਨਰ ਅਤੇ ਲੇਖਾ ਅਫਸਰ ਨੂੰ ਬੋਰਡ ਦੇ ਕੰਮਕਾਜ ਕਰਨ ਲਈ ਮਾਨਭੱਤਾ 5000/-ਰੁ: ਤੋ ਵਧਾ ਕੇ 8000/-ਰੁ: ਅਤੇ 3000/-ਰੁ: ਤੋਂ ਵਧਾ ਕੇ 5000/-ਰੁ: ਪ੍ਰਤੀ ਮਹੀਨਾ ਦੇਣੇ ਪ੍ਰਵਾਨ ਕੀਤੇ ਗਏ।

ਸਪਲੀਮੈਂਟਰੀ

ਅਜੰਡਾ ਆਈਟਮ

ਨੰ:1 ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਸਾਲ 2003-04 ਦੇ ਸਲਾਲਾ ਲੇਖਿਆ ਦੀ ਸਪੈਸ਼ਲ ਆਡਿਟ ਰਿਪੋਟ ਪ੍ਰਵਾਨ ਕਰਨ ਬਾਰੇ।

ਬੋਰਡ ਦੀ ਸਾਲ 2003-04 ਦੀ ਸਪੈਸ਼ਲ ਆਡਿਟ ਰਿਪੋਰਟ ਅਤੇ ਐਨੋਟੇਟਿਡ ਉੱਤਰ ਬੋਰਡ ਵਲੋਂ ਪ੍ਰਵਾਨ ਕੀਤਾ ਗਿਆ।